MELBOURNE ENERGY & RESOURCE CENTRE Powered by CLEANAWAY

# ਅਕਸਰ ਪੁੱਛੇ ਜਾਣ ਵਾਲੇ ਸਵਾਲ

**ਕੀ ਵੇਸਟ-ਟੂ-ਐਨਰਜੀ (ਕੂੜੇ-ਕਰਕਟ ਤੋਂ ਊਰਜਾ) ਬਣਾਉਣ ਦੀ ਸਹੂਲਤ ਇੰਸੀਨੇਰੇਸ਼ਨ (ਸਾੜ ਕੇ ਸੁਆਹ ਕਰਨ ਦੇ) ਪਲਾਂਟ ਵਰਗੀ ਹੈ?**

"ਇੰਸੀਨੇਰੇਟਰ" ਸ਼ਬਦ ਅੰਤਰਰਾਸ਼ਟਰੀ ਪੱਧਰ 'ਤੇ ਵਰਤਿਆ ਜਾਂਦਾ ਹੈ, ਪਰ ਇਹ ਪੁਰਾਣੇ ਅਤੇ ਬੇਕਾਬੂ ਸਾੜਨ ਦੇ ਤਰੀਕਿਆਂ ਵੱਲ ਇਸ਼ਾਰਾ ਕਰ ਸਕਦਾ ਹੈ। MERC ਆਧੁਨਿਕ ਮੂਵਿੰਗ-ਗਰੇਟ ਬਲਨ ਦੇ ਤਰੀਕੇ ਦੀ ਵਰਤੋਂ ਕਰੇਗਾ, ਜਿਸ ਵਿੱਚ ਉੱਨਤ ਫਲੂ ਗੈਸ ਟ੍ਰੀਟਮੈਂਟ ਸ਼ਾਮਲ ਹੋਵੇਗੀ ਤਾਂ ਜੋ ਊਰਜਾ ਅਤੇ ਸਮੱਗਰੀ ਮੁੜ ਪ੍ਰਾਪਤ ਕੀਤੀ ਜਾ ਸਕੇ ਅਤੇ ਸਖ਼ਤ EU ਅਤੇ ਵਿਕਟੋਰੀਅਨ EPA ਗੈਸ ਨਿਕਾਸੀ ਮਾਪਦੰਡਾਂ 'ਤੇ ਪੂਰਾ ਉਤਰਿਆ ਜਾ ਸਕੇ।

**MERC ਕਿਹੜੀਆਂ ਕਿਸਮਾਂ ਦਾ ਕੂੜਾ-ਕਰਕਟ ਸਵੀਕਾਰ ਕਰੇਗਾ?**

MERC ਸਿਰਫ਼ ਘਰਾਂ, ਕਾਰੋਬਾਰਾਂ ਅਤੇ ਉਦਯੋਗਾਂ ਵਿੱਚੋਂ ਆਉਣ ਵਾਲੇ ਉਸ ਨਾ-ਰੀਸਾਈਕਲ ਕੀਤੇ ਜਾ ਸਕਣ ਵਾਲੇ ਬਾਕੀ ਬਚੇ ਹੋਏ ਕੂੜੇ ਨੂੰ ਪ੍ਰੋਸੈਸ ਕਰੇਗਾ, ਜੋ ਨਹੀਂ ਤਾਂ ਲੈਂਡਫ਼ਿਲ ਵਿੱਚ ਚਲਿਆ ਜਾਂਦਾ।

ਇਹ ਸਹੂਲਤ ਖ਼ਤਰਨਾਕ ਕੂੜਾ, ਰੀਸਾਈਕਲ ਹੋਣ ਯੋਗ ਸਮੱਗਰੀ, ਐਸਬੈਸਟਸ, ਜਾਂ ਭੋਜਨ ਅਤੇ ਬਾਗਬਾਨੀ ਕੂੜੇ ਨੂੰ ਸਵੀਕਾਰ ਨਹੀਂ ਕਰੇਗੀ, ਜੋ ਖਾਦ ਬਣਾਉਣ ਵਾਲੀਆਂ ਸਹੂਲਤਾਂ ਵਿੱਚ ਜਾਣਾ ਚਾਹੀਦਾ ਹੈ।

**MERC ਇਹ ਕਿਵੇਂ ਯਕੀਨੀ ਬਣਾਵੇਗਾ ਕਿ ਇਹ ਰੀਸਾਈਕਲਿੰਗ ਨੂੰ ਨੁਕਸਾਨ ਨਹੀਂ ਪਹੁੰਚਾਏਗਾ?**

ਇਹ ਸਹੂਲਤ ਵਿਕਟੋਰੀਆ ਦੀ ਵੇਸਟ-ਟੂ-ਐਨਰਜੀ ਸੀਮਾ ਦੀ ਉੱਚਤਮ ਹੱਦ ਦੇ ਅਧੀਨ ਕੰਮ ਕਰਦੀ ਹੈ, ਜੋ ਹਰ ਸਾਲ ਥਰਮਲ ਤਰੀਕੇ ਨਾਲ ਪ੍ਰੋਸੈਸ ਕੀਤੇ ਜਾ ਸਕਣ ਵਾਲੇ ਬਾਕੀ ਕੂੜੇ ਦੀ ਕੁੱਲ ਮਾਤਰਾ 'ਤੇ ਹੱਦਬੰਦੀ ਲਗਾਉਂਦੀ ਹੈ। ਇਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਵੇਸਟ-ਟੂ-ਐਨਰਜੀ ਸਿਰਫ਼ ਉਨ੍ਹਾਂ ਸਮੱਗਰੀਆਂ ਲਈ ਵਰਤੀ ਜਾਵੇ, ਜਿਨ੍ਹਾਂ ਨੂੰ ਰੀਸਾਈਕਲ ਜਾਂ ਦੁਬਾਰਾ ਨਹੀਂ ਵਰਤਿਆ ਜਾ ਸਕਦਾ ਹੈ, ਅਤੇ ਇਹ ਵਿਕਟੋਰੀਆ ਦੇ ਰੀਸਾਈਕਲਿੰਗ ਅਤੇ ਕੂੜੇ ਨੂੰ ਘਟਾਉਣ ਦੇ ਟੀਚਿਆਂ ਦਾ ਸਮਰਥਨ ਕਰਦਾ ਹੈ।

ਵੇਸਟ-ਟੂ-ਐਨਰਜੀ ਸਹੂਲਤਾਂ ਨੂੰ ਸਿਰਫ਼ ਉਹੀ ਕੂੜਾ-ਕਰਕਟ ਲੈਣ ਦੀ ਆਗਿਆ ਹੋਵੇਗੀ, ਜੋ ਪਹਿਲਾਂ ਹੀ ਰੀਸਾਈਕਲ ਕਰਨ ਯੋਗ ਸਮੱਗਰੀ ਲਈ ਛਾਂਟਿਆ ਜਾ ਚੁੱਕਿਆ ਹੋਵੇ।

### MERC ਸਥਾਨਕ ਹਵਾ ਦੀ ਗੁਣਵੱਤਾ 'ਤੇ ਕਿਹੋ ਜਿਹਾ ਅਸਰ ਪਾਏਗਾ?

ਨਿਰਪੱਖ ਹਵਾ ਗੁਣਵੱਤਾ ਅਤੇ ਸਿਹਤ ਜ਼ੋਖਮ ਮੁਲਾਂਕਣਾਂ ਨੇ ਪਾਇਆ ਹੈ ਕਿ ਜੇਕਰ ਸਾਰੇ ਨਿਯੰਤਰਣਾਂ ਅਤੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ, ਤਾਂ ਇਹ ਸਹੂਲਤ ਮਨੁੱਖੀ ਸਿਹਤ ਲਈ ਬਹੁਤ ਘੱਟ ਜਾਂ ਨਾ ਦੇ ਬਰਾਬਰ ਖ਼ਤਰਾ ਪੈਦਾ ਕਰਦੀ ਹੈ। MERC ਵਿਕਟੋਰੀਆ ਦੀਆਂ ਸਖ਼ਤ EPA ਗੈਸ ਨਿਕਾਸੀ ਸੀਮਾਵਾਂ ਨੂੰ ਪੂਰਾ ਕਰੇਗਾ, ਜੋ ਹਵਾ ਦੀ ਗੁਣਵੱਤਾ ਅਤੇ ਜਨਤਕ ਸਿਹਤ ਦੀ ਸੁਰੱਖਿਆ ਲਈ ਤਿਆਰ ਕੀਤੀਆਂ ਗਈਆਂ ਹਨ।

### ਤੁਸੀਂ ਬਦਬੂ ਅਤੇ ਸ਼ੋਰ-ਸ਼ਰਾਬੇ ਨਾਲ ਕਿਵੇਂ ਨਜਿੱਠੋਗੇ?

ਕੂੜੇ ਨੂੰ ਸੀਲਬੰਦ ਇਮਾਰਤਾਂ ਵਿੱਚ ਉਤਾਰ ਕੇ ਅਤੇ ਸੰਭਾਲ ਕੇ ਰੱਖਿਆ ਜਾਵੇਗਾ, ਜਿੱਥੇ ਨਿਯੰਤਰਿਤ ਹਵਾ ਪ੍ਰਵਾਹ ਨਾਲ ਬਦਬੂ ਨੂੰ ਬਾਹਰ ਨਿਕਲਣ ਤੋਂ ਰੋਕਿਆ ਜਾਵੇਗਾ। ਸ਼ੋਰ-ਸ਼ਰਾਬੇ ਨੂੰ ਇਮਾਰਤ ਦੇ ਡਿਜ਼ਾਈਨ, ਉਪਕਰਨਾਂ ਦੀ ਚੋਣ ਅਤੇ ਸੰਚਾਲਨ ਨਿਯੰਤਰਣਾਂ ਰਾਹੀਂ ਸੰਭਵ ਹੱਦ ਤੱਕ ਘੱਟ ਕੀਤਾ ਜਾਵੇਗਾ।

ਪ੍ਰਸਤਾਵਿਤ ਸਹੂਲਤ ਅਤੇ ਸਭ ਤੋਂ ਨੇੜਲੇ ਰਿਹਾਇਸ਼ੀ ਖੇਤਰ ਵਿਚਕਾਰ 1 ਕਿਲੋਮੀਟਰ ਤੋਂ ਵੱਧ ਦਾ ਫ਼ਾਸਲਾ ਹੈ।

### ਫਲੂ ਗੈਸ ਨੂੰ ਛੱਡਣ ਤੋਂ ਪਹਿਲਾਂ ਤੁਸੀਂ ਇਸਦਾ ਇਲਾਜ ਕਿਵੇਂ ਕਰੋਗੇ?

ਫਲੂ ਗੈਸ ਦਾ ਲਗਭਗ ੯੯.੯% ਉਹ ਗੈਸਾਂ ਹੋਣਗੀਆਂ, ਜੋ ਕੁਦਰਤੀ ਤੌਰ 'ਤੇ ਹਵਾ ਵਿੱਚ ਪਾਈਆਂ ਜਾਂਦੀਆਂ ਹਨ: ਆਕਸੀਜਨ, ਕਾਰਬਨ ਡਾਈਆਕਸਾਈਡ, ਨਾਈਟ੍ਰੋਜਨ ਅਤੇ ਪਾਣੀ ਦੀ ਭਾਫ਼। ਬਾਕੀ ਪ੍ਰਦੂਸ਼ਕਾਂ ਦਾ ਇਲਾਜ ਉੱਨਤ ਤਕਨਾਲੋਜੀ ਦੀ ਵਰਤੋਂ ਕਰਕੇ ਕੀਤਾ ਜਾਵੇਗਾ ਤਾਂ ਜੋ EPA ਅਤੇ EU ਦੇ ਸਖ਼ਤ ਗੈਸ ਨਿਕਾਸੀ ਮਾਪਦੰਡਾਂ ਨੂੰ ਪੂਰਾ ਕੀਤਾ ਜਾ ਸਕੇ।

ਠੰਢੀਆਂ ਸਵੇਰਾਂ ਵਿੱਚ, ਤੁਸੀਂ ਚਿਮਨੀ ਤੋਂ ਚਿੱਟਾ ਧੂੰਆਂ ਨਿੱਕਲਦੇ ਦੇਖ ਸਕਦੇ ਹੋ — ਇਹ ਸਿਰਫ਼ ਪਾਣੀ ਦੀ ਭਾਫ਼ ਦੇ ਸੰਘਣੇ ਹੋਣ ਕਾਰਨ ਹੈ।

ਗੈਸ ਨਿਕਾਸੀ ਦੀ ਨਿਰੰਤਰ ਨਿਗਰਾਨੀ ਕੀਤੀ ਜਾਵੇਗੀ, ਨਤੀਜੇ EPA ਨੂੰ ਰਿਪੋਰਟ ਕੀਤੇ ਜਾਣਗੇ ਅਤੇ ਜਨਤਾ ਲਈ ਉਪਲਬਧ ਹੋਣਗੇ।

### ਇਸ ਸਾਈਟ ਲਈ Wollert (ਵੋਲਰਟ) ਨੂੰ ਕਿਉਂ ਚੁਣਿਆ ਗਿਆ ਸੀ?

Cleanaway ਨੇ ਵਿਕਟੋਰੀਆ ਭਰ ਵਿੱਚ ਕਈ ਸੰਭਾਵੀ ਥਾਵਾਂ ਦਾ ਮੁਲਾਂਕਣ ਕੀਤਾ।

Wollert ਨੂੰ ਇਸ ਲਈ ਚੁਣਿਆ ਗਿਆ ਸੀ ਕਿਉਂਕਿ ਇਹ ਵੇਸਟ-ਟੂ-ਐਨਰਜੀ ਸਹੂਲਤ ਲਈ ਮੁੱਖ ਮਾਪਦੰਡਾਂ 'ਤੇ ਖਰਾ ਉਤਰਦਾ ਹੈ।

ਇਹ ਘਰਾਂ ਅਤੇ ਕਾਰੋਬਾਰਾਂ ਵਰਗੇ ਕੂੜੇ ਦੇ ਸਰੋਤਾਂ ਦੇ ਨੇੜੇ ਸਥਿਤ ਹੈ, ਜਿਸ ਨਾਲ ਲੰਬੀ ਦੂਰੀ ਦੀ ਆਵਾਜਾਈ ਦੀ ਲੋੜ ਨੂੰ ਘਟਾਉਂਦਾ ਹੈ ਅਤੇ ਊਰਜਾ ਰਿਕਵਰੀ ਨੂੰ ਸਥਾਨਕ ਤੌਰ 'ਤੇ ਵਰਤਣ ਦੀ ਆਗਿਆ ਦਿੰਦਾ ਹੈ।

ਇਹ ਸਥਾਨ ਉਦਯੋਗਿਕ ਅਤੇ ਯੂਟੀਲਿਟੀ ਵਿਕਾਸ ਦਾ ਸਮਰਥਨ ਕਰਨ ਵਾਲੀਆਂ ਯੋਜਨਾ ਨੀਤੀਆਂ ਨਾਲ ਮੇਲ ਖਾਂਦੀ ਹੈ, ਇਹ ਜ਼ਿਆਦਾਤਰ ਰਿਹਾਇਸ਼ੀ ਖੇਤਰਾਂ ਤੋਂ 1 ਕਿਲੋਮੀਟਰ ਤੋਂ ਵੱਧ ਦੂਰੀ ‘ਤੇ ਸਥਿਤ ਹੈ ਤਾਂ ਜੋ ਅਸਰ ਘੱਟ ਰਹੇ, ਅਤੇ ਖੱਡਾਂ ਦੇ ਨੇੜੇ ਹੈ ਜੋ ਹੋਰ ਸੰਵੇਦਨਸ਼ੀਲ ਵਰਤੋਂ ਨੂੰ ਸੀਮਿਤ ਕਰਦੀਆਂ ਹਨ।

ਇਸਦੀ ਨੇੜਤਾ ਵਿਕਾਸਸ਼ੀਲ ਅਤੇ ਸਥਾਪਿਤ ਉਦਯੋਗਿਕ ਖੇਤਰਾਂ ਦੇ ਨਾਲ ਹੈ, ਜੋ ਸਥਾਨਕ ਲਾਭ ਅਤੇ ਸੇਵਾਵਾਂ ਦੀ ਸੰਭਾਵਨਾ ਪੇਸ਼ ਕਰਦੀ ਹੈ।

ਇਸ ਤੋਂ ਇਲਾਵਾ, ਇਸ ਸਥਾਨ ਨੂੰ ਹਿਊਮ ਫ੍ਰੀਵੇਅ ਰਾਹੀਂ ਸੜਕ ਤੱਕ ਵਧੀਆ ਪਹੁੰਚ ਹੈ, ਜਿਸ ਵਿੱਚ ਰਿਹਾਇਸ਼ੀ ਖੇਤਰਾਂ ਤੋਂ ਬਚਣ ਵਾਲੇ ਰਸਤੇ ਹਨ, ਜੋ ਕੁਸ਼ਲ ਟਰੱਕ ਆਵਾਜਾਈ ਦਾ ਸਮਰਥਨ ਕਰਦੇ ਹਨ।

ਇਹ ਸਾਰੇ ਕਾਰਕ ਵਿਕਟੋਰੀਆ ਦੇ ਲੰਬੇ ਸਮੇਂ ਦੇ ਕੂੜਾ ਪ੍ਰਬੰਧਨ ਅਤੇ ਵਾਤਾਵਰਣਕ ਟੀਚਿਆਂ ਨਾਲ ਮੇਲ ਖਾਂਦੇ ਹਨ।

**MERC ਕਿੰਨੀ ਆਵਾਜਾਈ ਪੈਦਾ ਕਰੇਗਾ, ਅਤੇ ਇਸਦਾ ਪ੍ਰਬੰਧ ਕਿਵੇਂ ਕੀਤਾ ਜਾਵੇਗਾ?**

ਇਹ ਸਹੂਲਤ ਹਰ ਰੋਜ਼ 330 ਟਰੱਕ ਪ੍ਰਾਪਤ ਕਰੇਗੀ ਅਤੇ ਭੇਜੇਗੀ, ਜੋ ਅੱਪਗ੍ਰੇਡ ਕੀਤੀ ਗਈ ਸਮਰਹਿੱਲ ਰੋਡ ਰਾਹੀਂ ਚੱਲਣਗੇ, ਅਤੇ ਕੋਈ ਵੀ ਰੂਟ ਰਿਹਾਇਸ਼ੀ ਖੇਤਰਾਂ ਵਿੱਚੋਂ ਨਹੀਂ ਲੰਘੇਗਾ। ਇੱਕ ਟ੍ਰੈਫ਼ਿਕ ਪ੍ਰਬੰਧਨ ਯੋਜਨਾ ਭੀੜ ਨੂੰ ਘਟਾਉਣ ਅਤੇ ਸੜਕ ਸੁਰੱਖਿਆ ਵਿੱਚ ਸੁਧਾਰ ਕਰਨ ਲਈ ਲਾਗੂ ਕੀਤੀ ਜਾਵੇਗੀ।

**ਜਦੋਂ ਅਸੀਂ ਕੂੜਾ ਘਟਾ ਸਕਦੇ ਹਾਂ, ਦੁਬਾਰਾ ਵਰਤ ਸਕਦੇ ਹਾਂ ਅਤੇ ਰੀਸਾਈਕਲ ਕਰ ਸਕਦੇ ਹਾਂ, ਤਾਂ ਸਾਨੂੰ ਵੇਸਟ-ਟੂ-ਐਨਰਜੀ ਦੀ ਕਿਉਂ ਲੋੜ ਹੈ?**

ਕੂੜੇ ਨੂੰ ਸੰਭਾਲਣ ਦੇ ਸਭ ਤੋਂ ਵਧੀਆ ਤਰੀਕੇ ਬਚਾਉਣਾ, ਘਟਾਉਣਾ, ਦੁਬਾਰਾ ਵਰਤਣਾ ਅਤੇ ਰੀਸਾਈਕਲ ਕਰਨਾ ਹਨ — ਅਤੇ ਵਿਕਟੋਰੀਆ ਦੇ ਲੋਕ ਰੀਸਾਈਕਲ ਕਰਨ ਯੋਗ ਚੀਜ਼ਾਂ, ਭੋਜਨ ਅਤੇ ਹਰੇ ਕੂੜੇ ਨੂੰ ਛਾਂਟਣ ਅਤੇ ਉਨ੍ਹਾਂ ਨੂੰ ਹੋਰ ਪਾਸੇ ਮੋੜਨ ਵਿੱਚ ਵਧੇਰੇ ਬਿਹਤਰ ਹੋ ਰਹੇ ਹਨ।

ਹਾਲਾਂਕਿ, ਕੁੱਝ ਸਮੱਗਰੀਆਂ ਨੂੰ ਰੀਸਾਈਕਲ ਨਹੀਂ ਕੀਤਾ ਜਾ ਸਕਦਾ, ਜਿਵੇਂ ਕਿ ਆਮ ਕੂੜੇ ਵਾਲੇ ਬਿੰਨ ਵਿੱਚ ਪਾਈਆਂ ਜਾਣ ਵਾਲੀਆਂ ਕੁੱਝ ਚੀਜ਼ਾਂ ਜਾਂ ਬਚਿਆ ਹੋਇਆ ਵਪਾਰਕ ਅਤੇ ਉਦਯੋਗਿਕ ਕੂੜਾ। ਇਸ ਵੇਲੇ, ਇਹ ਸਮੱਗਰੀ ਵਿਕਟੋਰੀਆ ਵਿੱਚ ਪ੍ਰਤੀ ਸਾਲ ਲਗਭਗ 5.7 ਮਿਲੀਅਨ ਟਨ ਲੈਂਡਫਿਲ ਵਿੱਚ ਜਾਂਦੀ ਹੈ।

Melbourne Energy & Resource Centre (ਮੈਲਬੌਰਨ ਐਨਰਜੀ ਐਂਡ ਰਿਸੋਰਸ ਸੈਂਟਰ, MERC) ਉਹ ਬਾਕੀ ਬਚਿਆ ਹੋਇਆ ਕੂੜਾ ਲਵੇਗਾ ਜੋ ਰੀਸਾਈਕਲ ਨਹੀਂ ਕੀਤਾ ਜਾ ਸਕਦਾ ਹੈ, ਇਸ ਵਿੱਚੋਂ ਊਰਜਾ ਅਤੇ ਧਾਤਾਂ ਨੂੰ ਦੁਬਾਰਾ ਹਾਸਿਲ ਕਰੇਗਾ, ਅਤੇ ਲੈਂਡਫ਼ਿਲ ਵਿੱਚ ਜਾਣ ਵਾਲੀ ਮਾਤਰਾ ਨੂੰ ਘਟਾਏਗਾ। ਇਹ ਵਿਕਟੋਰੀਆ ਦੀ ਕੂੜਾ-ਕਰਕਟ ਦਰਜਾਬੰਦੀ ਅਤੇ ਸਰਕੂਲਰ ਅਰਥ-ਵਿਵਸਥਾ ਦੇ ਟੀਚਿਆਂ ਦਾ ਸਮਰਥਨ ਕਰਦਾ ਹੈ।

## ਇਸ ਸਹੂਲਤ ਦਾ ਖ਼ਰਚਾ ਕੌਣ ਭੁਗਤਾਨ ਕਰ ਰਿਹਾ ਹੈ? ਕੀ ਇਹ ਰੇਟ ਦਾ ਭੁਗਤਾਨ ਕਰਨ ਵਾਲਿਆਂ ਦੀ ਜੇਬ ਵਿੱਚੋਂ ਆਵੇਗਾ?

ਇਹ ਇੱਕ ਨਿੱਜੀ ਫ਼ੰਡ ਨਾਲ ਚਲਾਇਆ ਗਿਆ ਪ੍ਰੋਜੈਕਟ ਹੈ।

Melbourne Energy & Resource Centre (ਮੈਲਬੌਰਨ ਐਨਰਜੀ ਐਂਡ ਰਿਸੋਰਸ ਸੈਂਟਰ) ਦੇ ਨਿਰਮਾਣ ਅਤੇ ਸੰਚਾਲਨ ਵਿੱਚ Cleanaway ਵੱਡਾ ਨਿਵੇਸ਼ ਕਰੇਗਾ, ਜਿਸ ਨਾਲ ਸਥਾਨਕ ਅਤੇ ਖੇਤਰੀ ਆਰਥਿਕ ਗਤੀਵਿਧੀਆਂ ਨੂੰ ਕਾਫ਼ੀ ਹੁਲਾਰਾ ਮਿਲੇਗਾ। ਇਹ ਪੱਧਰ ਦਾ ਨਿਵੇਸ਼ ਇਸ ਖੇਤਰ ਨੂੰ ਨੌਕਰੀਆਂ ਅਤੇ ਉਦਯੋਗ ਲਈ ਇੱਕ ਵੱਡੇ ਕੇਂਦਰ ਵਜੋਂ ਸਥਾਪਿਤ ਕਰਨ ਵਿੱਚ ਮੱਦਦ ਕਰੇਗਾ, ਨਾਲ ਹੀ Wollert ਅਤੇ ਆਸ-ਪਾਸ ਦੀਆਂ ਕਮਿਊਨਿਟੀਆਂ ਨੂੰ ਲੰਬੇ ਸਮੇਂ ਲਈ ਬੁਨਿਆਦੀ ਢਾਂਚੇ ਦੇ ਫ਼ਾਇਦੇ ਪ੍ਰਦਾਨ ਕਰੇਗਾ, ਜੋ ਵਧੀਆ ਵਿਕਾਸਕਾਰ ਯੋਗਦਾਨ ਫਰੇਮਵਰਕ ਰਾਹੀਂ ਸਮਰਥਿਤ ਹੋਣਗੇ।

ਕੂੜੇ ਦੇ ਸਪਲਾਇਰ, ਜਿਵੇਂ ਕਿ ਕੌਂਸਲਾਂ, ਕਾਰੋਬਾਰ ਅਤੇ ਕੂੜਾ-ਕਰਕਟ ਨਿਪਟਾਰਾ ਕੰਪਨੀਆਂ, ਬਾਕੀ ਬਚੇ ਹੋਏ ਕੂੜੇ ਲਈ ਪ੍ਰੋਸੈਸਿੰਗ ਫ਼ੀਸ ਅਦਾ ਕਰਨਗੇ, ਜਿਵੇਂ ਉਹ ਇਸ ਵੇਲੇ ਲੈਂਡਫ਼ਿਲ ਨਿਪਟਾਰੇ ਲਈ ਕਰਦੇ ਹਨ। ਇਹ ਪ੍ਰੋਜੈਕਟ ਰੇਟ ਦਾ ਭੁਗਤਾਨ ਕਰਨ ਵਾਲਿਆਂ ਦੁਆਰਾ ਫ਼ੰਡ ਨਹੀਂ ਕੀਤਾ ਜਾਂਦਾ ਹੈ।

## ਇਸ ਪ੍ਰੋਜੈਕਟ ਤੋਂ ਸਥਾਨਕ ਲੋਕਾਂ ਨੂੰ ਕਿਹੜੇ ਫ਼ਾਇਦੇ ਹੋਣਗੇ?

ਮੈਲਬੌਰਨ ਐਨਰਜੀ ਐਂਡ ਰਿਸੋਰਸ ਸੈਂਟਰ (MERC), ਵੋਲਰਟ ਅਤੇ ਨੇੜਲੇ ਖੇਤਰਾਂ ਲਈ ਵੱਡੇ ਆਰਥਿਕ, ਭਾਈਚਾਰਕ ਅਤੇ ਵਾਤਾਵਰਣਕ ਫ਼ਾਇਦੇ ਲਿਆਵੇਗਾ। ਇਸ ਪ੍ਰੋਜੈਕਟ ਤੋਂ ਲਗਭਗ ੪00 ਨਿਰਮਾਣ ਨੌਕਰੀਆਂ ਅਤੇ 50 ਲੰਬੇ ਸਮੇਂ ਵਾਲੀਆਂ ਹੁਨਰਮੰਦ ਸੰਚਾਲਕੀ ਨੌਕਰੀਆਂ ਬਣਨ ਦੀ ਉਮੀਦ ਹੈ, ਜਿਸ ਨਾਲ ਸਥਾਨਕ ਅਤੇ ਖੇਤਰੀ ਰੋਜ਼ਗਾਰ ਵਿੱਚ ਵਾਧਾ ਹੋਵੇਗਾ।

ਲੈਂਡਫ਼ਿਲ ਲਈ ਘੱਟ ਲਾਗਤ ਵਾਲਾ ਤਰੀਕਾ ਪ੍ਰਦਾਨ ਕਰਕੇ, ਇਹ ਪ੍ਰੋਜੈਕਟ ਕੂੜਾ ਨਿਪਟਾਰੇ ਦੇ ਖ਼ਰਚੇ ਨੂੰ ਸਥਿਰ ਕਰਨ ਵਿੱਚ ਮੱਦਦ ਕਰਦਾ ਹੈ, ਜਿਸ ਨਾਲ ਨਿਵਾਸੀਆਂ ਅਤੇ ਕਾਰੋਬਾਰਾਂ ਲਈ ਕੌਂਸਲ ਰੇਟ ਘੱਟ ਹੋ ਸਕਦੇ ਹਨ।

Cleanaway ਇੱਕ Community Benefits Fund (ਕਮਿਊਨਿਟੀ ਬੈਨੀਫਿਟਸ ਫ਼ੰਡ) ਸਥਾਪਿਤ ਕਰ ਰਿਹਾ ਹੈ, ਜਿਸਨੂੰ ਸਥਾਨਕ ਨੁਮਾਇੰਦਿਆਂ ਦੁਆਰਾ ਸੰਭਾਲਿਆ ਜਾਵੇਗਾ, ਅਤੇ ਇਹ ਵਾਤਾਵਰਣਕ ਪ੍ਰੋਜੈਕਟਾਂ, ਖੇਡ ਸਹੂਲਤਾਂ ਅਤੇ ਕਮਿਊਨਿਟੀ ਮਨੋਰੰਜਨ ਵਰਗੀਆਂ ਪਹਿਲਕਦਮੀਆਂ ਦਾ ਸਮਰਥਨ ਕਰੇਗਾ।

MERC ਵਿੱਚ ਇੱਕ ਵਿਜ਼ਟਰ ਅਤੇ ਸਿੱਖਿਆ ਕੇਂਦਰ ਵੀ ਹੋਵੇਗਾ, ਜੋ ਕਮਿਊਨਿਟੀ ਨੂੰ ਰੀਸਾਈਕਲਿੰਗ, ਸਰੋਤ ਮੁੜ ਪ੍ਰਾਪਤੀ ਅਤੇ ਸਰਕੂਲਰ ਅਰਥ-ਵਿਵਸਥਾ ਬਾਰੇ ਸਿੱਖਣ ਵਿੱਚ ਸ਼ਾਮਲ ਕਰੇਗਾ।

ਮੈਂ ਸਮਝਦਾ ਹਾਂ ਕਿ ਇਸ ਕਿਸਮ ਦੀਆਂ ਸਹੂਲਤਾਂ ਸੁਆਹ ਪੈਦਾ ਕਰਨਗੀਆਂ ਜੋ ਜ਼ਹਿਰੀਲੀ ਹੋ ਸਕਦੀ ਹੈ, ਤੁਸੀਂ ਸੁਆਹ ਦਾ ਇਲਾਜ ਕਿਵੇਂ ਕਰੋਗੇ?

ਇਹ ਸਹੂਲਤ ਦੋ ਕਿਸਮਾਂ ਦੀ ਸੁਆਹ ਪੈਦਾ ਕਰਦੀ ਹੈ:

ਬਾਟਮ ਐਸ਼ (Bottom Ash): ਇਸ ਸੁਆਹ ਵਿੱਚੋਂ ਰੀਸਾਈਕਲ ਕਰਨ ਲਈ ਧਾਤਾਂ ਨੂੰ ਮੁੜ ਪ੍ਰਾਪਤ ਕੀਤਾ ਜਾਂਦਾ ਹੈ। ਬਾਕੀ ਸਮੱਗਰੀ ਨੂੰ ਨਿਰਮਾਣ-ਗ੍ਰੇਡ ਅੱਗਰੇਗੇਟ ਵਿੱਚ ਪ੍ਰਕਿਰਿਆ ਕੀਤਾ ਜਾਂਦਾ ਹੈ, ਜਿਸ ਨਾਲ 95% ਤੋਂ ਵੱਧ ਸੁਆਹ ਲੈਂਡਫ਼ਿਲ ਵਿੱਚ ਜਾਣ ਤੋਂ ਬਚਾਈ ਜਾਂਦੀ ਹੈ।

ਏਅਰ ਪਾਲਿਊਸ਼ਨ ਕੰਟਰੋਲ ਰੈਜ਼ਿਡਿਊ (Air Pollution Control Residue): ਇਹ ਸੁਆਹ ਸੀਲਬੰਦ ਸਾਈਲੋ ਵਿੱਚ ਇਕੱਠੀ ਕੀਤੀ ਜਾਂਦੀ ਹੈ, ਇਸਦਾ ਇਲਾਜ ਕਰਕੇ ਖ਼ਤਰਨਾਕ ਪ੍ਰਦੂਸ਼ਕਾਂ ਨੂੰ ਅਸਰਹੀਨ ਬਣਾਇਆ ਜਾਂਦਾ ਹੈ, ਅਤੇ ਫਿਰ ਇਸਨੂੰ ਲਾਇਸੈਂਸ ਪ੍ਰਾਪਤ ਲੈਂਡਫ਼ਿਲ ਵਿੱਚ ਸੁਰੱਖਿਅਤ ਢੰਗ ਨਾਲ ਨਿਪਟਾਇਆ ਜਾਂਦਾ ਹੈ।

**MERC ਸਹੂਲਤ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਕੂੜੇ ਦੀ ਭਰੋਸੇਯੋਗ ਸਪਲਾਈ ਨੂੰ ਕਿਵੇਂ ਯਕੀਨੀ ਬਣਾਏਗੀ?**

MERC ਦੀ ਡਿਜ਼ਾਇਨ ਸਮਰੱਥਾ ਮੈਲਬੌਰਨ ਵਿੱਚ ਲੈਂਡਫਿਲ ਵਿੱਚ ਜਾਣ ਵਾਲੇ ਕੂੜੇ ਦੀ ਮਾਤਰਾ ਦੀ ਵਿਸਥਾਰਤ ਜਾਂਚ 'ਤੇ ਆਧਾਰਿਤ ਹੈ। ਸਾਰਾ ਪ੍ਰੋਸੈਸ ਕੀਤਾ ਜਾਣ ਵਾਲਾ ਕੂੜਾ ਉਹ ਹੋਵੇਗਾ ਜੋ ਰੀਸਾਈਕਲ ਨਹੀਂ ਕੀਤਾ ਜਾ ਸਕਦਾ ਹੈ।

Cleanway ਆਪਣੇ ਟ੍ਰਾਂਸਫਰ ਸਟੇਸ਼ਨਾਂ ਅਤੇ ਮੈਲਬੌਰਨ ਰੀਜ਼ਨਲ ਲੈਂਡਫਿਲ ਦੇ ਨੈੱਟਵਰਕ ਰਾਹੀਂ, ਇਸ ਵੇਲੇ ਲੈਂਡਫਿਲ ਵਿੱਚ ਸੁੱਟੇ ਜਾਣ ਵਾਲੇ ਕੂੜੇ ਦੀ ਮਾਤਰਾ ਨੂੰ ਚੰਗੀ ਤਰ੍ਹਾਂ ਸਮਝਦਾ ਹੈ।

ਮੈਲਬੌਰਨ ਮਾਰਕੀਟ ਵਿੱਚ ਕੂੜੇ ਦੀ ਮਾਤਰਾ ਦਾ ਇੱਕ ਡੂੰਘਾਈ ਨਾਲ ਮੁਲਾਂਕਣ ਕੀਤਾ ਗਿਆ ਹੈ, ਤਾਂ ਜੋ MERC ਸਹੂਲਤ ਦੀ ਡਿਜ਼ਾਇਨ ਸਮਰੱਥਾ ਨਿਰਧਾਰਤ ਕੀਤੀ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ

ਪ੍ਰੋਜੈਕਟ ਨੂੰ ਚਲਾਉਣ ਲਈ ਕਾਫ਼ੀ ਮਾਤਰਾ ਵਿੱਚ ਕੂੜਾ ਉਪਲਬਧ ਹੈ। ਇਸ ਸਹੂਲਤ ਜੋ ਕੂੜਾ ਲੈਣ ਦਾ ਪ੍ਰਸਤਾਵ ਦੇ ਰਹੀ ਹੈ ਉਹ ਲੈਂਡਫਿਲ ਤੋਂ ਮੋੜਿਆ ਜਾਣ ਵਾਲਾ ਕੂੜਾ ਹੈ।

**ਪਰੰਪਰਾਗਤ ਮਾਲਕ ਇਸ ਵਿੱਚ ਕਿਵੇਂ ਸ਼ਾਮਲ ਹੋਣਗੇ? ਕੀ ਉਨ੍ਹਾਂ ਦਾ ਇਸ ਬਾਰੇ ਕੋਈ ਵਿਚਾਰ ਲਿਆ ਗਿਆ ਹੈ ਕਿ ਇਸ ਜ਼ਮੀਨ ਦੀ ਵਰਤੋਂ ਕਿਵੇਂ ਕੀਤੀ ਜਾ ਰਹੀ ਹੈ?**

Cleanway ਇਸ ਪ੍ਰੋਜੈਕਟ ਦੀ ਸੱਭਿਆਚਾਰਕ ਵਿਰਾਸਤ ਪ੍ਰਬੰਧਨ ਯੋਜਨਾ (Cultural Heritage Management Plan) 'ਤੇ ਵੁਰੰਡਜੇਰੀ ਵੋਈ ਵੁਰੰਗ ਲੋਕਾਂ ਨਾਲ ਕੰਮ ਕਰ ਰਿਹਾ ਹੈ, ਜਿਸ ਵਿੱਚ ਵਿਰਾਸਤੀ ਸਲਾਹਕਾਰਾਂ ਨਾਲ ਸਾਈਟ 'ਤੇ ਜਾਂਚ ਕਰਨਾ ਵੀ ਸ਼ਾਮਲ ਹੈ।

**MERC ਕਿੰਨੇ ਸਮੇਂ ਲਈ ਕੰਮ ਕਰੇਗਾ?**

ਇਸ ਸਹੂਲਤ ਦੇ ਲਗਭਗ 25–30 ਸਾਲਾਂ ਤੱਕ ਚੱਲਣ ਦੀ ਉਮੀਦ ਹੈ, ਅਤੇ ਇਸ ਦੌਰਾਨ ਕੁਸ਼ਲਤਾ ਅਤੇ ਵਾਤਾਵਰਣਕ ਕਾਰਗੁਜ਼ਾਰੀ ਬਣਾਈ ਰੱਖਣ ਲਈ ਨਿਯਮਿਤ ਅੱਪਗ੍ਰੇਡ ਕੀਤੇ ਜਾਣਗੇ।